# ਬਰਾਬਰੀ ਦੇ ਮੌਕਿਆਂ ਦਾ ਪ੍ਰੋਗਰਾਮ ਮੁੱਖ ਯੈਰੋਪੀਅਨ ਸਮਰੋਹ ਵਿੱਚ ਸ਼ਾਮਲ

ਰਿਹਾਇਸ਼ੀ ਬਰਾਬਰੀ ਮੌਕਿਆਂ ਦੀ ਮੈਨੇਜਰ, ਰੋਹੀਨੀ ਸ਼ਰਮਾ ਜੋਸ਼ੀ, ਯੂਰੋਪੀਅਨ ਗੁੱਡ ਪਰੈਕਟਿਸ ਐਕਸਚੇਂਜ ਫੋਰੱਮ, ਜੋ ਯੂਰੋਪ ਵਿੱਚ ਪ੍ਰਵਾਸੀ ਬਜ਼ੁਰਗਾਂ ਦੀ ਸਰਗਰਮ ਬਜ਼ੁਰਗ ਅਵਸਥਾ ਹੋਣ ਨਾਲ ਸੰਬੰਧਿਤ ਮਸਲਿਆਂ ਵਿੱਚ ਮੁਹਿਰ ਹੈ, ਵਿੱਚ ਹਾਜ਼ਰ ਹੋਈ।
ਉਸ ਨੇ ਸਮਰੋਹ ਦੇ ਪਹਿਲੇ ਵਿਚਾਰ ਵਟਾਂਦਰਾ ਸਾਂਝੇ ਕਰਨ ਵਾਲੇ ਪ੍ਰੋਗਰਾਮ ਵਿੱਚ ਭਾਗ ਲਿਆ ਜੋ ਜਰਮਨੀ ਵਿੱਖੇ ਮਈ ਵਿੱਚ ਕੀਤਾ ਗਿਆ ਸੀ। ਯੂਰੋਪ ਦੇ 10 ਦੇਸ਼ਾਂ ਤੋਂ ਸੱਦੇ ਮਹਿਮਾਨਾਂ ਅਤੇ ਅਧਿਕਾਰੀਆਂ ਨੇ ਆਪਣੇ ਤਜ਼ਰਬੇ ਸਾਂਝੇ ਕੀਤੇ।

ਇਹ ਤਜ਼ਰਬੇ ਪ੍ਰਵਾਸੀ ਬਜ਼ੁਰਗਾਂ ਬਾਰੇ ਸਨ ਅਤੇ ਇਨ੍ਹਾਂ ਦਾ ਟੀਚਾ ਇੱਕ ਦੂਜੇ ਤੋਂ ਸਿੱਖ ਕੇ ਯੂਰੋਪ ਭਰ ਵਿੱਚ ਸੇਵਾਵਾਂ ਵਿੱਚ ਸੁਧਾਰ ਕਰਨਾ ਹੈ।
ਕਈ ਪ੍ਰਕਾਰ ਦੀਆਂ ਯੋਜਨਾਵਾਂ, ਪਹਿਲ ਕਦਮੀਆਂ ਅਤੇ ਯੂਰੋਪ ਭਰ ਵਿੱਚ ਪ੍ਰਵਾਸੀ ਬਜ਼ੁਰਗਾਂ ਲਈ ਅਤੇ ਵੱਲੋਂ ਪ੍ਰਦਾਨ ਕੀਤੀਆਂ ਸੇਵਾਵਾਂ ਬਾਰੇ ਜਾਣਕਾਰੀ ਦੇਣ ਲਈ, ਯੂਰਪੀ ਪ੍ਰੋਜੈਕਟ ਚੰਗੇ ਅਭਿਆਸ ਦਾ ਕਿਤਾਬਚਾ ਬਣਾ ਰਿਹਾ ਹੈ ਅਤੇ ਬਰਾਬਰੀ ਦੇ ਮੌਕਿਆਂ ਦਾ ਪ੍ਰੋਗਰਾਮ ਆਪਣੀਆਂ ਯੋਜਨਾਵਾਂ ਬਾਰੇ ਵੇਰਵਾ ਪੇਸ਼ ਕਰੇਗਾ।

## 10 ਸਾਲ ਗਿਰਾਹ ਕਾਨਫਰੰਸ

ਇਹ "ਬਰਾਬਰੀ ਦੇ ਮੌਕਿਆਂ ਦੇ ਪ੍ਰੋਗਰਾਮ" ਲਈ ਉਤੇਜਕ ਸਾਲ ਹੈ ਕਿਉਂ ਕਿ ਅਸੀਂ ਸਕੌਟਲੈਂਡ ਵਿੱਚ ਕਾਲੇ ਅਤੇ ਘੱਟ ਗਿਣਤੀ ਨਸਲੀ ਮੂਲ ਦੇ ਬਜ਼ੁਰਗ ਲੋਕਾਂ ਦੀ ਪਹਿਲੀ ਕਾਨਫਰੰਸ ਨਾਲ ਆਪਣੀ 10ਵੀਂ ਸਾਲ ਗਿਰਾਹ ਮਨ੍ਹਾ ਰਹੇ ਹਾਂ।

ਇਹ ਕਾਨਫਰੰਸ, ਜੋ ਸਾਡੀਆਂ ਪ੍ਰਾਪਤੀਆਂ ਮੁੱਖ ਤੌਰ ਤੇ ਪੇਸ਼ ਕਰੇਗੀ, ਇਹ ਇਸ ਸਾਲ ਦੀ ਪੱਤਝੜ ਰੁੱਤ ਵਿੱਚ ਸਕੌਟਲੈਂਡ ਦੀ ਸਰਕਾਰ ਦੇ ਉੱਮਰ ਅਤੇ ਬਜ਼ੁਰਗ ਲੋਕਾਂ ਦੇ ਵਿਭਾਗ ਦੇ ਸੈਹਯੋਗ ਨਾਲ ਕੀਤੀ ਜਾਵੇਗੀ।

ਪਿੱਛਲੇ ਦਿਹਾਕੇ ਵਿੱਚ ਇਸ ਪ੍ਰੋਗਰਾਮ ਨੇ ਵੱਖਰੀਆਂ ਵੱਖਰੀਆਂ ਪਹਿਲਕਾਰੀ ਯੋਜਨਾਵਾਂ ਦੁਆਰਾ ਕਾਲੇ ਅਤੇ ਘੱਟ ਗਿਣਤੀ ਨਸਲੀ ਮੂਲ ਦੇ ਕਈ ਬਜ਼ੁਰਗ ਲੋਕਾਂ ਅਤੇ ਨੌਜਵਾਨ ਲੋਕਾਂ ਦੀ ਮਦਦ ਕੀਤਾ ਅਤੇ ਸਹਾਰਾ ਦਿੱਤਾ ਹੈ। ਜਿਨ੍ਹਾਂ ਲੋਕਾਂ ਨੂੰ ਇਸ ਯੋਜਨਾ ਤੋਂ ਮਦਦ ਮਿਲੀ ਹੈ ਉਨ੍ਹਾਂ ਵਿੱਚੋਂ ਕੱੁਝ ਲੋਕ ਇਕ ਛੋਟੀ ਜਸ਼ਨ ਮਨਾਓ ਫਿਲਮ ਵਿੱਚ ਹਿੱਸਾ ਲੈਂਦੇ ਨਜ਼ਰ ਆਉਣਗੇ ਜੋ ਕਾਨਫਰੰਸ ਵਿੱਚ ਦਿਖਾਈ ਜਾ ਰਹੀ ਹੈ।

ਆਉਣ ਵਾਲੇ ਸਮਾਗਮ ਦੇ ਮੁੱਖ ਪੱਖ ਖ਼ਬਰਪੱਤਰ ਦੇ ਅੱਗਲੇ ਅੰਕ ਵਿੱਚ ਪ੍ਰਕਾਸ਼ਤ ਕੀਤੇ ਜਾਣਗੇ।

### ਬਜ਼ੁਰਗ ਪੀੜ੍ਹੀ ਦੀਆਂ ਕੀਮਤੀ ਯਾਦਾਂ ਸੰਭਾਲਣੀਆਂ

ਬਰਾਬਰੀ ਮੌਕਿਆਂ ਦੀਆਂ ਯਾਦਾਂ ਦੀ ਯੋਜਨਾ ਵਰਤਮਾਨ ਸਮੇਂ 20ਵੀਂ ਸਦੀ ਵਿੱਚ ਕੁੱਝ ਗਿਣਤੀ ਵਿਦੇਸ਼ਾਂ ਵਿੱਚੋਂ ਆਉਣ ਵਾਲੇ ਵਿਅਕਤੀਆਂ ਦੀਆਂ ਯਾਦਾਂ ਇਕੱਠੀਆਂ ਕਰ ਰਿਹਾ ਹੈ।

ਇਹ ਯੋਜਨਾ ਉਨ੍ਹਾਂ ਨੇ ਜੋ ਪਹਿਲਾਂ ਪਹੁੰਚਣ ਸਮੇਂ ਤੰਗੀ ਅਤੇ ਡਰ ਅਨੁਭਵ ਕੀਤੇ ਉਹ ਅੰਕਿਤ ਕਰੇਗੀ ਅਤੇ ਇਹ ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਵੱਡਮੁੱਲੇ ਸਮਿਆਂ ਦਾ ਜਸ਼ਨ ਵੀ ਮਨ੍ਹਾਉਣਗੇ। ਸਾਡਾ ਟੀਚਾ ਉਨ੍ਹਾਂ ਦੀਆਂ ਯਾਦਾਂ ਨੂੰ ਸੰਭਾਲ ਕੇ ਰੱਖਣਾ ਹੈ ਤਾਂ ਕਿ ਅਗਾਂਹ ਦੀਆਂ ਪੀੜ੍ਹੀਆਂ ਇਨ੍ਹਾਂ ਤੋਂ ਸਿੱਖ ਸਕਣ ਅਤੇ ਇਨ੍ਹਾਂ ਦਾ ਅਨੰਦ ਮਾਣ ਸਕਣ।

ਇਸ ਯੋਜਨਾ ਲਈ ਖ਼ਰਚਾ ਦੇਣ ਵਾਲਿਆਂ ਲਈ ਇਨ੍ਹਾਂ ਕਹਾਣੀਆਂ ਦੇ ਕੁੱਝ ਨਮੂਨੇ ਪੇਸ ਕੀਤੇ ਜਾਣਗੇ ਤਾਂ ਕਿ ਇਹ ਵਿਚਾਰ ਹੋਰ ਵਿਕਸਤ ਕੀਤਾ ਜਾ ਸਕੇ। ਇਸ ਯੋਜਨਾ ਵਿੱਚ ਹੋ ਰਹੀ ਤਰੱਕੀ ਬਾਰੇ ਅਸੀਂ ਤੁਹਾਨੂੰ ਜਾਣਕਾਰੀ ਦਿੰਦੇ ਰਿਹਾ ਕਰਾਂਗੇ।

## ਬਰਾਬਰੀ ਦੇ ਮੌਕਿਆਂ ਦੀ ਟੀਮ ਦੇ ਮੈਂਬਰਾਂ ਨੂੰ ਅਲਵਿਦਾ

ਸਫ਼ਸੋਸ ਹੈ, ਕਿ ਸਾਨੂੰ ਟੀਮ ਦੇ ਕੁੱਝ ਮੈਂਬਰਾਂ ਨੂੰ, ਜੋ ਆਪਣੇ ਔਹੁਦੇ ਛੱਡ ਗਏ ਹਨ, ਅਲਵਿਦਾ ਕਹਿਣਾ ਪਿਆ ਹੈ। ਟਮੀਕੋ ਮਾਕੀ, ਹੈਪੀ ਟੂ ਟ੍ਰਾਂਸਲੇਟ ਲੋਗੋ ਡੀਵੈਲੱਪਮੈਂਟ ਅਫ਼ਸਰ ਇਸ ਪਹਿਲ ਕਦਮੀ ਤੇ ਪੰਜ ਸਾਲ ਕੰਮ ਕਰਨ ਤੋਂ ਬਾਦ ਅਗਾਂਹ ਤੁਰ ਗਈ ਹੈ। ਟਮੀਕੋ ਇਸ ਪਹਿਲ ਕਦਮੀ ਉੱਪਰ ਕੰਮ ਕਰਨ ਵਾਲੀ ਪਹਿਲੀ ਅਫ਼ਸਰ ਸੀ ਅਤੇ ਅਸੀਂ ਉਸ ਦਾ ਇਸ ਪਹਿਲ ਕਦਮੀ ਨੂੰ ਮੁੱਢ ਤੋਂ ਵਿਕਸਤ ਕਰਨ ਤੋਂ ਲੈਕੇ ਸਫ਼ਲ ਢੰਗ ਨਾਲ ਲਾਗੂ ਕਰਨ ਤੱਕ ਧੰਨਵਾਦ ਕਰਨਾ ਚਾਹੁੰਦੇ ਹਾਂ। ਅਸੀਂ ਰਾਣਾ ਸਾਲੱਮ, ਸ਼ੁਭਹਮ ਸਿੱਕਾ, ਗੌਰਵ ਬਾਖਸ਼ੀ ਅਤੇ ਕਲੇਅਰ ਡੋਲਨ ਨੂੰ ਵੀ ਅਲਫਿਦਾ ਕਹਿੰਦੇ ਹਾਂ। ਅਸੀਂ ਉਨ੍ਹਾਂ ਦਾ ਉਨ੍ਹਾਂ ਦੀ ਬਰਾਬਰੀ ਦੇ ਮੌਕਿਆਂ ਦੇ ਪ੍ਰੋਗਰਾਮ ਵਿੱਚ ਥੋੜ੍ਹੇ ਸਮੇਂ ਦਾ ਪਰ ਕੀਮਤੀ ਯੋਗਦਾਨ ਪਾਉਣ ਲਈ ਧੰਨਵਾਦ ਕਰਦੇ ਹਾਂ।

# ਬਰਾਬਰੀ ਦੇ ਮੌਕਿਆਂ ਦੀ ਟੀਮ

"ਬਰਾਬਰੀ ਦੇ ਮੌਕਿਆਂ ਦਾ ਪ੍ਰੋਗਰਾਮ"


**ਰੋਹੀਨੀ ਸ਼ਰਮਾ ਜੋਸ਼ੀ**
ਰਿਹਾਇਸ਼ੀ ਬਰਾਬਰੀ ਮੌਕਿਆਂ
ਦੀ ਮੈਨੇਜਰ
ਫ਼ੋਨ: 0131 444 4950
ਈਮੇਲ: rsharma@trustha.org.uk

**ਨੀਰੂ ਭੱਟਨਗਰ**
ਬਜ਼ੁਰਗ ਲੋਕ ਸੇਵਾਵਾਂ
ਤਾਲਮੇਲ ਕਰਤਾ
ਫ਼ੋਨ: 0131 444 495
ਈਮੇਲ: neerub@trustha.org.uk

**ਅਨਥਨੀ ਲੀ ਚੂ**
ਬਜ਼ੁਰਗ ਲੋਕ ਸੇਵਾਵਾਂ
ਤਾਲਮੇਲ ਕਰਤਾ
ਫ਼ੋਨ: 0131 444 4941
ਈਮੇਲ: lchu@trustha.org.uk

**ਕਟਰੀਨਾ ਮਕਐਨਟੀਗਾਰਟ**
ਵਿਕਾਸ ਅਤੇ ਇਸ਼ਤਿਹਾਰਬਾਜ਼ੀ ਅਫ਼ਸਰ
ਫ਼ੋਨ: 0131 444 4951
ਈਮੇਲ: kmcentegart@trustha.org.uk

**ਅਮਾਂਡਾ ਵੇ**
ਪ੍ਰਬੰਧਕੀ ਸਹਾਇਕ
ਫ਼ੋਨ: 0131 444 4942
ਈਮੇਲ: amandaw@trustha.org.uk


ਇਹ ਖ਼ਬਰਪੱਤਰ **ਟਰੱਸਟ, ਹਾਨੋਵਰ (ਸਕੌਟਲੈਂਡ)** ਅਤੇ **ਬੀਲਡ ਹਾਊਜ਼ਿੰਗ ਐਸੋਸੀਏਸ਼ਨਸ** ਦੀ ਸਾਂਝੀ ਪ੍ਰਕਾਸ਼ਤ ਹੈ। ਪਹਿਲੇ ਅੰਕ **www.EqualityScotland.com** ਤੇ ਦੇਖੇ ਜਾ ਸਕਦੇ ਹਨ। ਜੇ ਤੁਸੀਂ ਟੀਕਾ ਟਿੱਪਣੀ ਕਰਨੀ ਜਾਂ ਸੁਝਾ ਪੇਸ਼ ਕਰਨਾ ਚਾਹੁੰਦੇ, ਜਾਂ ਤੁਸੀਂ ਆਪਣਾ ਸਮਾਗਮ ਜਾਂ ਯੋਜਨਾ ਪ੍ਰਕਾਸ਼ਤ ਕਰਾਉਣ ਲਈ ਵਿੱਚਾਰ ਅਧੀਨ ਕਰਾਉਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸੰਪਰਕ ਕਰੋ:


**Equal Opportunities Programme**
**12 New Mart Road, Edinburgh EH14 1RL**
**ਫ਼ੋਨ: 0131 444 4942 ਫ਼ੈਕਸ: 0131 444 4949**


**www.EqualityScotland.com**


**ਐਡਿੰਬਰਾ**
Trust HA

12 New Mart Road
Edinburgh EH14 1RL
ਫ਼ੋਨ: 0131 444 1200
www.trustha.org.uk

Hanover (Scotland) HA

95 McDonald Road
Edinburgh EH7 4NS
ਫ਼ੋਨ: 0131 557 0598
www.hsha.org.uk

Bield HA

79 Hopetoun Street
Edinburgh EH7 4QF
ਫ਼ੋਨ: 0131 273 4000
www.bield.co.uk

**ਗਲਾਸਗੋ**
Trust HA

25 Park Circus
Glasgow G3 6AP
ਫ਼ੋਨ: 0141 341 3200
www.trustha.org.uk

Hanover (Scotland) HA

5 Newton Place
Glasgow G3 7PR
ਫ਼ੋਨ: 0141 353 1353
www.hsha.org.uk

Bield HA

12 Somerset Place
Glasgow G3 7JT
ਫ਼ੋਨ: 0141 270 7200
www.bield.co.uk

**ਡੰਡੀ**
Bield HA

Kingsburn Court
Pitalpin Street, Dundee
Angus, DD2 2TY
ਫ਼ੋਨ: 01382 612307
www.bield.co.uk

**ਅਰੰਨ**
Isle of Arran Homes

Springbank, Brodick
Isle of Arran KA27 8BE
ਫ਼ੋਨ: 01770
303700
ਫ਼ੈਕਸ: 01770 303701

**ਐਲਗਿਨ**
Hanover (Scotland)

Housing Association Ltd
12 Institution Road
Elgin IV30 1QX
ਫ਼ੋਨ: 01343 548585
ਫ਼ੈਕਸ: 01343 549519

PUNJABI

# ਇਕੁਆਲਟੀ ਸਕੌਟਲੈਂਡ ਬਜ਼ੁਰਗ ਲੋਕਾਂ ਲਈ ਰਿਹਾਇਸ਼

# Equality Scotland Housing for Older People

# NEWSLETTER

## ਖ਼ਬਰਪੱਤਰ

ਇਹ ਖ਼ਬਰਪੱਤਰ ਚੀਨੀ, (ਕੈਨਟੋਨੀਜ਼), ਹਿੰਦੀ, ਪੰਜਾਬੀ, ਉਰਦੂ, ਅਰਬੀ ਅਤੇ ਬੰਗਾਲੀ ਵਿੱਚ ਵੀ ਮਿਲਦੀ ਹੈ।

ਅੰਕ 18
ਜੁਲਾਈ 2009

ਅੰਦਰ...


- ਬਜ਼ੁਰਗ ਲੋਕਾਂ ਦੀਆਂ ਸੇਵਾਵਾਂ ਲਈ ਵਿਕਾਸ ਯੋਜਨਾ
- ਖ਼ੁਸ਼ੀ ਨਾਲ ਅਨੁਵਾਦ
- ਪ੍ਰਾਪਤੀ ਦੀ ਮਾਨਤਾ
- 10ਵੀਂ ਸਾਲ ਗਿਰਾਹ ਜਸ਼ਨ ਮਨਾਈ


## ਕਾਪੀਟਲ ਸਿੱਟੀ ਤੋਂ ਨੌਕਰੀਆਂ ਦੇ ਮੌਕਿਆਂ ਦੀ ਯੋਜਨਾ ਨੇ ਫੰਡ ਪ੍ਰਾਪਤ ਕੀਤਾ

ਨੌਕਰੀਆਂ ਦੇ ਮੌਕਿਆਂ ਲਈ ਸਹਾਰਾ ਯੋਜਨਾ ਨੇ ਕਾਪੀਟਲ ਸਿੱਟੀ ਪਾਰਟਨਰਸ਼ਿੱਪ (Capital City Partnership) ਤੋਂ ਫੰਡ ਪ੍ਰਾਪਤ ਕਰ ਲਿਆ ਹੈ ਜਿਸ ਨਾਲ ਇਹ ਆਪਣਾ ਕੰਮ ਹੋਰ ਦੋ ਸਾਲਾਂ ਲਈ ਚਾਲੂ ਰੱਖ ਸਕਣਗੇ।

ਇਹ ਯੋਜਨਾ, ਜੋ 2006 ਵਿੱਚ ਅਰੰਭ ਹੋਈ ਸੀ, ਕਾਲੇ ਅਤੇ ਘੱਟ ਗਿਣਤੀ ਨਸਲੀ ਮੂਲ ਦੇ ਲੋਕਾਂ ਲਈ ਰਿਹਾਇਸ਼ ਅਤੇ ਵਿਸਰਤ ਜਨਤਕ ਖੇਤਰਾਂ ਵਿੱਚ ਨੌਕਰੀਆਂ ਦੇ ਮੌਕੇ ਸੁਧਾਰਨ ਉੱਪਰ ਕੇਂਦ੍ਰਿਤ ਸੀ। ਬਰਾਬਰੀ ਦੇ ਮੌਕਿਆਂ ਦਾ ਪ੍ਰੋਗਰਾਮ ਨੇ "ਫਰਕ ਪਾਉਣਾ" ("Making a Difference") ਨਾਮੀ ਰਿਪੋਰਟ ਪ੍ਰਕਾਸ਼ਤ ਕੀਤੀ ਹੈ, ਜਿਸ ਵਿੱਚ ਯੋਜਨਾ ਦੇ ਪਹਿਲੇ ਤਿੰਨ ਸਾਲਾਂ ਦੌਰਾਨ ਇਸ ਦੀਆਂ ਲੱਭਤਾਂ ਅਤੇ ਪ੍ਰਾਪਤੀਆਂ ਦਾ ਵੇਰਵਾ ਦਿੱਤਾ ਗਿਆ ਹੈ।

ਇਹ ਯੋਜਨਾ, ਜਿਸ ਵਿੱਚ ਐਡਿੰਬਰਾ ਅਤੇ ਲੋਥੀਅਨਜ਼ ਵਿੱਚ ਜਨਤਕ ਖੇਤਰਾਂ ਵਿੱਚ ਮਾਲਕਾਂ ਨਾਲ ਸਾਂਝਦਾਰੀ ਸ਼ਾਮਲ ਹੈ, ਨੇ ਆਪਣੇ 300 ਗਾਹਕਾਂ ਦੀ ਤਿੰਨ ਸਾਲਾਂ ਵਿੱਚ ਸਹਾਇਤਾ ਕਰਨ ਦੇ ਟੀਚੇ ਨੂੰ ਪਾਰ ਕਰ ਲਿਆ, ਅਤੇ ਇਸ ਸਮੇਂ ਵਿੱਚ **307** ਗਾਹਕਾਂ ਨਾਲ ਕੰਮ ਕੀਤਾ। ਇਸ ਯੋਜਨਾ ਵਿੱਚ ਨਿੱਜੀ ਸਫ਼ਲਤਾਵਾਂ ਵਿੱਚ **55** ਲੋਕ ਵੀ ਸ਼ਾਮਲ ਹਨ ਜਿਨ੍ਹਾਂ ਨੂੰ ਪੱਕੀਆਂ ਨੌਕਰੀਆਂ ਪ੍ਰਾਪਤ ਹੋਈਆਂ।

ਇਸ ਤੋਂ ਇਲਾਵਾ **10** ਹੋਰ ਗਾਹਕ ਆਪਣੀਆਂ ਮੁਹਾਰਤਾਂ ਨੂੰ ਹੋਰ ਪੱਕੀਆਂ ਕਰਨ ਲਈ ਅੱਗਲੇਰੀ ਵਿੱਦਿਆ ਜਾਂ ਸਿੱਖਲਾਈ ਕੋਰਸਾਂ ਤੱਕ ਪਾਹੁੰਚ ਗਏ ਅਤੇ **11** ਗਾਹਕ ਨੌਕਰੀ ਦੇ ਮੌਕਿਆਂ ਦੇ ਵਿਕਾਸ ਅਫ਼ਸਰ ਦੀ ਸਲਾਹ ਤੇ ਯ.ਕੇ. ਵਿੱਚ ਕੰਮ ਕਰਨ ਦਾ ਵਧੇਰੇ ਤਜ਼ਰਬਾ ਪ੍ਰਾਪਤ ਕਰਨ ਅਤੇ ਪੱਕੀ ਨੌਕਰੀ ਪ੍ਰਾਪਤ ਕਰਨ ਮੌਕੇ ਵਧਾਉਣ ਲਈ ਸਵੈਇੱਛਤ ਕੰਮ ਕਰਨ ਲੱਗ ਪਏ।

ਨੌਕਰੀ ਦੇ ਮੌਕਿਆਂ ਦਾ ਸਹਾਰਾ ਅਫ਼ਸਰ ਵਰਤਮਾਨ ਗਾਹਕਾਂ ਨਾਲ ਸੰਪਰਕ ਕਰੇਗਾ ਅਤੇ ਖ਼ੁਸ਼ੀ ਨਾਲ ਨਵੇਂ ਗਾਹਕਾਂ ਨੂੰ ਸਾਹਾਰਾ ਦੇਣ ਦੀ ਉਡੀਕ ਵਿੱਚ ਹੈ।



www.EqualityScotland.com

## ਲਾਟਰੀ ਤੋਂ ਫੰਡ ਪ੍ਰਾਪਤ ਕਰਨ ਵਾਲੀ  ਬਜ਼ੁਰਗ ਲੋਕਾਂ ਲਈ ਯੋਜਨਾ ਮੀਲ ਪੱਥਰ ਤੱਕ ਪਾਹੁੰਚ ਗਈ

ਬਜ਼ੁਰਗ ਲੋਕਾਂ ਲਈ ਸੇਵਾਵਾਂ ਵਿਕਾਸ ਯੋਜਨਾ, ਜੋ ਕਾਲੇ ਅਤੇ ਘੱਟ ਗਿਣਤੀ ਨਸਲੀ ਮੂਲ ਦੇ ਲੋਕਾਂ ਨੂੰ ਜਰੂਰੀ ਬੈਨੀਫਿੱਟ ਅਤੇ ਸੇਵਾਵਾਂ ਪ੍ਰਾਪਤ ਕਰਨ ਵਿੱਚ ਸਹਾਇਤਾ ਦੇਣ ਲਈ ਪੈਦਾ ਕੀਤੀ ਗਈ ਸੀ, ਨੇ ਜਨਵਰੀ 2008 ਵਿੱਚ ਸ਼ੁਰੂ ਹੋਣ ਤੋਂ ਲੈ ਕੇ ਹੁਣ ਤੱਕ ਸਕੌਟਲੈਂਡ ਭਰ ਵਿੱਚ 350 ਤੋਂ ਵੱਧ ਬੈਨੀਫਿੱਟਾਂ ਦੀ ਜਾਂਚ ਪੂਰੀ ਕਰਕੇ ਇੱਕ ਮੁੱਖ ਮੀਲ ਪੱਥਰ ਪ੍ਰਾਪਤ ਕੀਤਾ ਹੈ।

ਇਹ ਯੋਜਨਾ, ਜਿਸ ਨੂੰ ਲਾਟਰੀ ਤੋਂ ਫੰਡ ਮਿਲਿਆ ਸੀ, ਕਾਲੇ ਅਤੇ ਘੱਟ ਗਿਣਤੀ ਨਸਲੀ ਮੂਲ ਦੇ ਬਜ਼ੁਰਗ ਲੋਕਾਂ ਦੇ ਜੀਵਨ ਸੁਧਾਰਨ ਵਿੱਚ ਬਹੁਤ ਸਫ਼ਲ ਹੋਈ ਹੈ, ਅਤੇ ਹੁਣ ਤੱਕ £270,000 ਤੋਂ ਵੱਧ ਰੱਕਮ ਬੈਨੀਫਿੱਟ ਇਕੱਤਰ ਕਰ ਚੁੱਕੀ ਹੈ। ਇਸ ਨੇ ਕਾਲੇ ਅਤੇ ਘੱਟ ਗਿਣਤੀ ਨਸਲੀ ਮੂਲ ਦੇ ਬਜ਼ੁਰਗ ਲੋਕਾਂ ਨੂੰ ਕਈ ਪ੍ਰਕਾਰ ਦੀਆਂ ਮੁੱਖ ਸੇਵਾਵਾਂ, ਜਿਨ੍ਹਾਂ ਲਈ ਉਹ ਹੱਕਦਾਰ ਹਨ, ਜਿਸ ਤਰ੍ਹਾਂ ਕਿ ਡਿਸਆਬਿਲਟੀ ਅਲਾਊਂਸ ਅਤੇ ਸੈਂਟਰਲ ਹੀਟਿੰਗ ਫਿੱਟ ਕਰਾਉਣੀ, ਪ੍ਰਾਪਤ ਕਰਨ ਵਿੱਚ ਵੀ ਮਦਦ ਕੀਤੀ ਹੈ।

ਸਕੌਟਲੈਂਡ ਭਰ ਵਿੱਚ ਕਾਲੇ ਅਤੇ ਘੱਟ ਗਿਣਤੀ ਨਸਲੀ ਮੂਲ ਦੇ ਬਜ਼ੁਰਗ ਲੋਕਾਂ ਤੱਕ ਪਾਹੁੰਚ ਕੇ ਇਹ ਯੋਜਨਾ ਆਪਣੀ ਸਫ਼ਲਤਾ ਹੋਰ ਵਧਾਵੇਗੀ। ਇਸ ਵਿੱਚ ਯੋਜਨਾ ਦਾ ਤਾਲਮੇਲ ਵਧਾਉਣਾ ਅਤੇ ਖ਼ਾਸ ਸਮਾਗਮਾਂ, ਜਿਸ ਤਰ੍ਹਾਂ ਕਿ ਜੋ 13 ਜੂਨ ਨੂੰ ਸਟਰਲਿੰਗ ਵਿੱਚ ਕੇਂਦ੍ਰੀ ਸਕੌਟਲੈਂਡ ਦੀ ਨਸਲੀ ਬਰਾਬਰੀ ਕੌਂਸਲ ਨਾਲ ਸਾਂਝਦਾਰੀ ਵਿੱਚ ਕੀਤਾ ਗਿਆ ਸੀ, ਦੁਆਰਾ ਵਧੇਰੇ ਭਾਈਚਾਰਕ ਸੰਪਰਕ ਪੈਦਾ ਕਰਨੇ ਸ਼ਾਮਲ ਹਨ। ਸਟਰਲਿੰਗ ਸਮਾਗਮ ਵਿੱਚ ਬਜ਼ੁਰਗ ਲੋਕਾਂ ਦੀਆਂ ਭਵਿੱਖ ਵਿੱਚ ਲੋੜਾਂ ਬਾਰੇ ਕੇਂਦ੍ਰਿਤ ਸਮੂਹ ਵਿਚਾਰ ਵਟਾਂਦਰਾ ਸ਼ਾਮਲ ਸੀ ਜਿਸ ਦੌਰਾਨ ਹਿੱਸਾ ਲੈਣ ਵਾਲਿਆਂ ਨੇ ਆਪਣੀ ਕੀਮਤੀ ਰਾਏ ਪੇਸ਼ ਕੀਤੀ।

ਯੋਜਨਾ ਤਾਲ-ਮੇਲ ਕਰਤੇ ਡੇ ਸੈਂਟਰਾਂ ਅਤੇ ਭਾਈਚਾਰਕ ਸੰਸਥਾਵਾਂ ਨਾਲ ਸਾਂਝਦਾਰੀ ਵਿੱਚ ਨਵੇਂ ਨਵੇਂ ਅਸਥਾਨਾਂ ਤੇ ਸਰਜਰੀਆਂ ਰੱਖਣੀਆਂ ਜਾਰੀ ਕਰੀ ਜਾਂਦੇ ਹਨ। ਇਨ੍ਹਾਂ ਸਰਜਰੀਆਂ ਬਾਰੇ ਜਾਣਕਾਰੀ ਸਥਾਨਿਕ ਭਾਈਚਾਰਿਆਂ ਅੰਦਰ ਇਸ਼ਤਿਹਾਰਬਾਜ਼ੀ ਕੀਤੀ ਜਾਵੇਗੀ।

ਜੇ ਤੁਹਾਡੀ ਉੱਮਰ 60 ਸਾਲਾਂ ਦੀ ਜਾਂ ਉੱਪਰ ਹੈ ਜਾਂ ਤੁਸੀਂ ਕਿਸੇ ਨੂੰ ਜਾਣਦੇ ਹੋ ਜੋ ਸਾਡੀਆਂ ਸੇਵਾਵਾਂ ਤੋਂ ਲਾਭ ਪ੍ਰਾਪਤ ਕਰ ਸਕਦਾ ਹੈ, ਤਾਂ ਕਿਰਪਾ ਕਰਕੇ ਨੀਰੂ (0131 444 4952) ਜਾਂ ਅਨਬਨੀ (0131 444 4941) ਨਾਲ ਅਪੌਇੰਟਮੈਂਟ ਬਣਾਉਣ ਲਈ ਸੰਪਰਕ ਕਰੋ।

ਸਕੌਟਲੈਂਡ ਭਰ ਵਿੱਚ ਕਿਤੇ ਵੀ ਰਹਿੰਦੇ ਹੋਣ ਅਸੀਂ ਲੋਕਾਂ ਦੀ ਮਦਦ ਕਰਨ ਲਈ ਵਚਨਬੱਧ ਹਾਂ।





ਯੋਜਨਾ ਤਾਲ-ਮੇਲ ਕਰਤੇ ਕੇਂਦ੍ਰਿਤ ਸਮੂਹ ਵਿਚਾਰ ਵਟਾਂਦਰਾ ਕਰਦੇ ਹੋਏ

# ਪਾਰਾਡਾਇਮ ਨੇ ਇੰਗਲੈਂਡ ਵੱਚ ਹਾਪੀ ਟੂ ਟ੍ਰਾਂਸਲੇਟ ਲੋਗੋ ਜਾਰੀ ਕੀਤਾ




ਖੁਸ਼ੀ ਨਾਲ ਅਨੁਵਾਦ (ਹਾਪੀ ਟੂ ਟ੍ਰਾਂਸਲੇਟ) ਆਪਣੇ ਪਹਿਲੇ ਇੰਗਲੈਂਡ ਵਿੱਚ ਸਥਾਪਿਤ ਮੈਂਬਰ, ਪਾਰਾਡਾਇਮ ਹਾਊਜ਼ਿੰਗ ਲਈ ਜੂਨ ਵਿੱਚ ਉਦਘਾਟਨ ਸਮਰੋਹ ਵਿੱਚ ਹਾਜ਼ਰ ਹੋ ਕੇ ਬਹੁਤ ਖੁਸ਼ ਹੋਈ।

ਪਾਰਾਡਾਇਮ, ਜੋ ਦੱਖਣਪੂਰਬ ਇੰਗਲੈਂਡ ਦੀ ਪ੍ਰਮੁੱਖ ਵਿੱਤਯੋਗ ਰਿਹਾਇਸ਼ ਮੁਹੱਈਆ ਕਰਨ ਵਾਲਾ ਪ੍ਰਦਾਤਾ ਹੈ, ਨੇ ਇਸ ਮੋਕੇ ਦੀ ਖੁਸ਼ੀ ਵਿੱਚ ਜਸ਼ਨ ਮਨਾਉਣ ਵਾਸਤੇ ਇੱਕ ਪਾਰਟੀ ਕੀਤੀ ਜਿਸ ਵਿੱਚ ਹਿਲਿੰਗਡਨ ਕੌਂਸਲ ਦੇ ਮੈਂਬਰ, ਜਿਨ੍ਹਾਂ ਵਿੱਚ ਕੌਂਸਲ ਦਾ ਨਵਾਂ ਮੇਅਰ ਵੀ ਸੀ; ਪੁਲਿਸ; ਸਵੇਇੱਛਤ ਸੰਸਥਾਵਾਂ ਅਤੇ ਭਾਈਚਾਰਕ ਸਮੂਹ ਵੀ ਹਾਜ਼ਰ ਹੋਏ ਸਨ। ਮੈਹਮਾਨਾਂ ਨੂੰ ਸਾਰੀਆਂ ਲਾਉਣ ਅਤੇ ਆਪਣੇ ਹੱਥਾਂ ਉੱਪਰ ਰਿਵਾਇਤੀ ਸੋਮਾਲੀ ਹੈਨਾ ਨਮੂਨੇ ਪੇਂਟ ਕਰਾਉਣ ਲਈ ਸੱਦਾ ਦਿਤਾ ਗਿਆ ਸੀ

ਸਾਡੇ ਪਿੱਛਲੇ ਅੰਕ ਤੋਂ ਲੈ ਕੇ ਹੁਣ ਤੱਕ, ਹਾਪੀ ਟੂ ਟ੍ਰਾਂਸਲੇਟ ਦੀ ਮੈਂਬਰਸਿੱਪ ਵੱਧ ਕੇ 33 ਹੋ ਗਈ ਹੈ। ਇਸ ਪਹਿਲ ਕਦਮੀ ਵਿੱਚ ਸ਼ਾਮਲ ਹੋਣ ਲਈ ਅਸੀਂ ਹੇਠ ਲਿੱਖਤ ਨਵੀਂਆਂ ਮੈਂਬਰ ਸੰਸਥਾਵਾਂ ਦਾ ਸੁਆਗਤ ਕਰਦੇ ਹਾਂ ਅਤੇ ਉਨ੍ਹਾਂ ਨੂੰ ਆਪਣੀਆਂ ਭਾਸ਼ਾਈ ਸਹਾਇਕ ਸੇਵਾਵਾਂ ਵਿਕਸਤ ਅਤੇ ਪ੍ਰਫੁੱਲਤ ਕਰਨ ਲਈ ਹਰ ਸਫਲਤਾ ਲਈ ਸ਼ੁਭ ਇਛਾਵਾਂ ਪੇਸ਼ ਕਰਦੇ ਹਾਂ:

**ਸ਼ੈਟਲਸਟਨ ਹਾਊਜ਼ਿੰਗ ਏਸੋਸੀਏਸ਼ਨ**
**ਆਫ਼ਿਸ ਆਫ ਦਾ ਸਕੋਟਿਸ਼ ਚੈਰੀਟੀ ਰੇਗੂਲੇਟਰ**
**ਓਕਹਿੱਲ ਵੀਓ ਹਾਊਜ਼ਿੰਗ ਏਸੋਸੀਏਸ਼ਨ**
**ਮੋਰੇ ਹਾਊਜ਼ਿੰਗ ਏਸੋਸੀਏਸ਼ਨ ਪਾਰਟਨਰਸ਼ਿੱਪ**




*ਰੋਹੀਨੀ ਸ਼ਰਮਾ ਜੋਸ਼ੀ,*
*ਹਾਪੀ ਟੂ ਟ੍ਰਾਂਸਲੇਟ*
*ਅਤੇ ਜੌਨ*
*ਬੀਓਬੋਲਡ,*
*ਪਾਰਾਡਾਇਮ*

ਹਾਪੀ ਟੂ ਟ੍ਰਾਂਸਲੇਟ ਟੀਮ ਨੇ ਜਨਵਰੀ ਤੋਂ ਕਈ ਦੇਸ਼ ਭਰ ਅਤੇ ਅੰਤਰਰਾਸ਼ਟਰੀ ਕਾਨਫਰੰਸਾਂ ਅਤੇ ਭਾਈਚਾਰਕ ਸਮਾਗਮਾਂ ਵਿੱਚ ਇਸ ਪਹਿਲ ਕਦਮੀ ਦਾ ਪ੍ਰੋਤਸਾਹਿਨ ਕੀਤਾ ਹੈ। ਇਹ ਟੀਮ ਹੋਰ ਜਨਤਕ ਸੰਸਥਾਵਾਂ, ਜਿਨ੍ਹਾਂ ਦੇ ਮੈਂਬਰ ਬਣਨ ਦੀ ਸੰਭਾਵਨਾ ਹੋਵੇ, ਦੀ ਪਛਾਣ ਕਰਨ ਲਈ ਸਖਤ ਮੇਹਨਤ ਕਰਦੀ ਰਹੇਗੀ। ਇਹ ਟੀਮ ਕਾਲੇ ਅਤੇ ਘੱਟ ਗਿਣਤੀ ਨਸਲੀ ਮੂਲ ਦੇ ਭਾਈਚਾਰਿਆਂ ਤੱਕ ਉਨ੍ਹਾਂ ਨੂੰ ਇਸ ਚਿੰਨ੍ਹ (ਲੋਗੋ) ਬਾਰੇ ਜਾਣੂ ਕਰਾਉਣ ਲਈ, ਪਾਹੁੰਚ ਕਰਨ ਪ੍ਰਤੀ ਆਪਣਾ ਕੰਮ ਵੀ ਜਾਰੀ ਰੱਖੇਗੀ।

HAPPY TO TRANSLATE

# ਏਸ਼ੀਆਈ ਇਸਤਰੀਆਂ ਨੂੰ ਇਨਾਮ ਮਿਲਣ ਵਿੱਚ ਸਫ਼ਲਤਾ

ਅਸੀਂ ਆਈਸ਼ਾ ਅਤੇ ਨੀਰੂ ਨੂੰ ਆਪਣੀਆਂ ਸੁਹਿਰਦ ਵਧਾਈਆਂ ਪੇਸ਼ ਕਰਦੇ ਹਾਂ, ਜੋ ਦੋਏ ਐਡਿੰਬਰਾ ਵਿੱਖੇ ਅਸੈਂਬਲੀ ਰੂਮਜ਼ ਵਿੱਚ 29 ਜੂਨ 09 ਨੂੰ ਦਿੱਤੇ ਗਏ ਪਹਿਲੇ ਏਸ਼ੀਅਨ ਵੁਮਿਨ ਐਮਪਾਊਰਮੈਂਟ ਅਵੌਰਡਜ਼ ਵਿੱਖੇ ਜੇਤੂ ਸਨ। ਇਨ੍ਹਾਂ ਇਨਾਮਾਂ ਦਾ ਪ੍ਰਬੰਧ ਐਡਿੰਬਰਾ ਵਿੱਚ ਇੱਕ ਏਸ਼ੀਆਈ ਇਸਤਰੀਆਂ ਦੀ ਸੰਸਥਾ, ਨਾਰੀ ਕਲਿਆਣ ਸ਼ਾਂਗਹੂ, ਨੇ ਕੀਤਾ ਸੀ।



## ਨੀਰੂ ਭੱਟਨਗਰ

ਕਾਲੇ ਅਤੇ ਘੱਟ ਗਿਣਤੀ ਨਸਲੀ ਮੂਲ ਦੇ ਭਾਈਚਾਰਿਆਂ ਨੂੰ ਸਹਾਰਾ ਦੇਣ ਲਈ ਸਿਖਿਅਕ ਅਤੇ ਸਿਖਿਆਰਥੀਆਂ ਨਾਲ ਕੰਮ ਕਰਨ ਕਰਕੇ ਨੀਰੂ ਸਿਖਿਅਕ ਸ਼੍ਰੈਣੀ ਵਿੱਚ ਜੇਤੂ ਸੀ। ਨੀਰੂ ਨੂੰ ਵੱਖ ਵੱਖ ਭਾਈਚਾਰਕ ਯੋਜਨਾਵਾਂ, ਜਿਨ੍ਹਾਂ ਵਿੱਚ ਐਡਿੰਬਰਾ ਵਿੱਖੇ, ਇੰਡੀਅਨ ਮਿਊਜ਼ਿਕ ਐਂਡ ਡਾਂਸ ਕੋਲੈਕਟਿਵ ਦੇ ਸਾਂਝੇ ਸਥਾਪਿਤਕਾਰ ਹੋਣਾ ਵੀ ਸ਼ਾਮਲ ਹੈ, ਸਾਥ ਕੰਮ ਕਰਨ ਲਈ ਵੀ ਮਾਣਤਾ ਦਿੱਤੀ ਗਈ ਸੀ।



## ਆਇਸ਼ਾ ਨਦੀਮ

ਆਇਸ਼ਾ ਪਹਿਲਕਾਰੀ ਅਤੇ ਕਲਾਧਾਰੀ ਸ਼੍ਰੈਣੀ ਵਿੱਚ ਜੇਤੂ ਹੋਈ ਅਤੇ ਇਸ ਨੂੰ ਇਸ ਦੇ ਪੈਨਸ਼ਨ ਬੈਨਫਿੱਟ ਆਊਟਰੀਚ ਵਰਕਰ ਵੱਜੋਂ ਕੰਮ ਲਈ ਮਾਣਤਾ ਦਿੱਤੀ ਗਈ। ਆਇਸ਼ਾ ਨੂੰ ਉਸ ਦੇ "ਪਾਹੁੰਚਣ ਲਈ ਮੁਸ਼ਕਲ" ਕਾਲੇ ਅਤੇ ਘੱਟ ਗਿਣਤੀ ਨਸਲੀ ਮੂਲ ਦੇ ਬਜ਼ੁਰਗ ਲੋਕਾਂ ਨਾਲ ਕੀਤੇ ਕੰਮ ਲਈ ਸਲਾਹਿਆ ਗਿਆ ਜਿਨ੍ਹਾਂ ਦੀ ਇਸ ਨੇ ਜਿਨ੍ਹਾਂ ਪੈਨਸ਼ਨ ਬੈਨੀਫਿੱਟ ਅਤੇ ਸੇਵਾਵਾਂ ਲਈ ਉਹ ਹੱਕਦਾਰ ਸਨ ਉਹ ਪ੍ਰਾਪਤ ਕਰਨ ਵਿੱਚ ਮਦਦ ਕੀਤੀ। ਇਸ ਦੇ ਕੰਮ ਨੇ ਕਾਲੇ ਅਤੇ ਘੱਟ ਗਿਣਤੀ ਨਸਲੀ ਮੂਲ ਦੇ ਬਜ਼ੁਰਗ ਲੋਕਾਂ ਨੂੰ ਬਹੁਤ ਰੁਕਾਵਟਾਂ ਦੂਰ ਕਰਨ ਵਿੱਚ ਮਦਦ ਕੀਤੀ ਅਤੇ ਉਨ੍ਹਾਂ ਦਾ ਹੌਂਸਲਾ ਅਤੇ ਸਵੇਮਾਣ ਵਧਾਇਆ।

## ਬੈਨੀਫਿੱਟਾਂ ਲਈ ਆਸਾਨ ਰਾਹਬਰ ਨਵੀਆਂ ਮਿਲਣ ਵਾਲੀਆਂ ਰਕਮਾਂ ਬਾਰੇ ਨਵੀ ਜਾਣਕਾਰੀ

ਬਹੁ-ਭਾਸ਼ਾਈ ਬੈਨੀਫਿੱਟਾਂ ਲਈ ਆਸਾਨ ਰਾਹਬਰ ਜਿਸ ਵਿੱਚ 2009/10 ਸਾਲ ਲਈ ਬੈਨੀਫਿੱਟਾਂ ਬਾਰੇ ਨਵੀਂ ਜਾਣਕਾਰੀ ਸ਼ਾਮਲ ਹੈ ਹੁਣ ਸਾਡੇ www.EqualityScotland.com ਵੈਬਸਾਈਟ ਤੋਂ ਮਿਲਦਾ ਹੈ।

